

GREATER MANCHESTER
GOOD
EMPLOYMENT
CHARTER

# ਕਰਮਚਾਰੀ ਲਈ ਗਾਈਡ: ਚਾਰਟਰ ਦੇ ਮੈਂਬਰ ਲਈ ਕੰਮ ਕਰਨਾ

## ਗ੍ਰੇਟਰ ਮੈਨਚੈਸਟਰ ਚੰਗੇ ਰੁਜ਼ਗਾਰ ਦਾ ਚਾਰਟਰ

ਤੁਸੀਂ ਗ੍ਰੇਟਰ ਮੈਨਚੈਸਟਰ ਚੰਗੇ ਰੁਜ਼ਗਾਰ ਦੇ ਚਾਰਟਰ ਦੇ ਮੈਂਬਰ ਲਈ ਕੰਮ ਕਰ ਰਹੇ ਹੋ। ਇਹ ਚਾਰਟਰ ਇੱਕ ਸਵੈ-ਇੱਛੁਕ ਮੈਂਬਰਸ਼ਿਪ ਅਤੇ ਮੁਲਾਂਕਣ ਯੋਜਨਾ ਹੈ, ਜਿਸਦਾ ਉਦੇਸ਼ ਗ੍ਰੇਟਰ ਮੈਨਚੈਸਟਰ ਵਿੱਚ ਕਿਸੇ ਵੀ ਆਕਾਰ ਜਾਂ ਖੇਤਰ ਦੀਆਂ ਸਾਰੀਆਂ ਸੰਸਥਾਵਾਂ ਲਈ ਰੁਜ਼ਗਾਰ ਦੇ ਮਿਆਰਾਂ ਵਿੱਚ ਸੁਧਾਰ ਕਰਨਾ ਹੈ।

ਚਾਰਟਰ ਵਿੱਚ ਚੰਗੇ ਰੁਜ਼ਗਾਰ ਦੀਆਂ ਸੱਤ ਮੁੱਖ ਵਿਸ਼ੇਸ਼ਤਾਵਾਂ ਹਨ; ਤੁਹਾਡੇ ਰੁਜ਼ਗਾਰਦਾਤਾ ਨੇ ਇਹਨਾਂ ਵਿਸ਼ੇਸ਼ਤਾਵਾਂ ਵਿੱਚ ਸਭ ਤੋਂ ਉੱਚੇ ਮਿਆਰ ਬਣਾ ਕੇ ਰੱਖਣ ਦੀ ਵਚਨਬੱਧਤਾ ਦਿਖਾਈ ਹੈ ਅਤੇ ਪ੍ਰਦਰਸ਼ਿਤ ਕੀਤਾ ਹੈ ਕਿ ਵਿਆਪਕ ਮਾਪਦੰਡਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਾਰਵਾਈਆਂ ਕੀਤੀਆਂ ਗਈਆਂ ਹਨ। ਹੇਠਾਂ ਉਹ ਜਾਣਕਾਰੀ ਦਿੱਤੀ ਗਈ ਜਿਸਦੀ ਤੁਸੀਂ ਚਾਰਟਰ ਦੇ ਮੈਂਬਰ ਦੇ ਕਰਮਚਾਰੀ ਵਜੋਂ ਉਮੀਦ ਕਰ ਸਕਦੇ ਹੋ।

**ਸੁਰੱਖਿਅਤ ਕੰਮ** – ਤੁਹਾਡਾ ਰੁਜ਼ਗਾਰਦਾਤਾ ਕਰਮਚਾਰੀਆਂ ਨੂੰ ਸੁਰੱਖਿਅਤ ਕੰਮ ਦੀ ਪੇਸ਼ਕਸ਼ ਕਰਦਾ ਹੈ ਜਿਸ ਵਿੱਚ ਕਰਮਚਾਰੀਆਂ ਨੂੰ ਸੰਚਾਰਾਂ ਅਤੇ ਠੇਕਿਆਂ ਵਿੱਚ ਪਾਰਦਰਸ਼ਤਾ, ਗਰੰਟੀਸ਼ੁਦਾ ਘੱਟੋ-ਘੱਟ ਘੰਟਿਆਂ, ਇਹਨਾਂ ਸ਼ਰਤਾਂ ਦੀ ਨਿਯਮਿਤ ਸਮੀਖਿਆ ਦੇ ਮਾਧਿਅਮ ਨਾਲ ਆਮਦਨੀ ਦੀ ਸੁਰੱਖਿਆ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸਟਾਫ਼ ਨੂੰ ਉਹਨਾਂ ਦੀਆਂ ਕੰਮਕਾਜੀ ਅਤੇ ਗੈਰ-ਕੰਮਕਾਜੀ ਪ੍ਰਤਿਬੱਧਤਾਵਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ ਦੀ ਸਮਰੱਥਾ ਦਿੱਤੀ ਜਾਂਦੀ ਹੈ।

**ਲਚਕਦਾਰ ਕੰਮ** – ਤੁਹਾਡਾ ਰੁਜ਼ਗਾਰਦਾਤਾ ਕੰਮ ਕਰਨ ਦੇ ਲਚਕਦਾਰ ਤਰੀਕੇ ਨੂੰ ਯੋਗ ਬਣਾਉਂਦਾ ਹੈ, ਜਿਸ ਵਿੱਚ ਜਿੱਥੇ ਵੀ ਸੰਭਵ ਹੋਵੇ, ਨੌਕਰੀਆਂ ਨੂੰ ਇਸ ਤਰੀਕੇ ਨਾਲ ਡਿਜ਼ਾਈਨ ਕੀਤਾ ਜਾਂਦਾ ਕਿ ਲੋਕਾਂ ਦੇ ਕੰਮ ਕਰਨ ਦੇ ਸਥਾਨ, ਲੋਕ ਦੇ ਕੰਮ ਕਰਨ ਦੇ ਸਮਿਆਂ, ਅਤੇ ਲੋਕਾਂ ਦੇ ਕੰਮ ਕਰਨ ਦੀ ਮਾਤਰਾ ਵਿੱਚ ਲਚਕਤਾ ਹੋਵੇ; ਅਤੇ ਰੁਜ਼ਗਾਰ ਦੀ ਸ਼ੁਰੂਆਤ ਤੋਂ ਹੀ ਨੌਕਰੀ ਵਿੱਚ ਲਚਕਤਾ ਦੀ ਸੰਭਾਵਨਾ ਬਾਰੇ ਸਪਸ਼ਟਤਾ ਦਿੱਤੀ ਜਾਵੇ। ਕਰਮਚਾਰੀਆਂ ਦੀ ਇੱਕ ਸਪਸ਼ਟ ਲਚਕਦਾਰ ਕੰਮ ਕਰਨ ਦੀ ਨੀਤੀ ਤੱਕ ਪਹੁੰਚ ਹੁੰਦੀ ਹੈ ਜੋ ਲਚਕਤਾ ਨੂੰ ਉਤਸ਼ਾਹਿਤ ਕਰਦੀ ਹੈ, ਸਟਾਫ਼ ਨੂੰ ਲਚਕਦਾਰ ਪ੍ਰਬੰਧਾਂ ਲਈ ਬੇਨਤੀ ਕਰਨ ਦਾ ਮੌਕਾ ਦਿੰਦੀ ਹੈ, ਅਤੇ ਅਜਿਹੇ ਪ੍ਰਬੰਧਾਂ ਦੀ ਨਿਯਮਿਤ ਸਮੀਖਿਆ ਦੀ ਪੇਸ਼ਕਸ਼ ਕਰਦੀ ਹੈ।

**ਅਸਲ ਜ਼ਿੰਦਗੀ ਚਲਾਉਣ ਲਈ ਤਨਖਾਹ** – ਤੁਹਾਡਾ ਰੁਜ਼ਗਾਰਦਾਤਾ ਸਟਾਫ਼ ਨੂੰ ਅਸਲ ਜ਼ਿੰਦਗੀ ਚਲਾਉਣ ਲਈ ਉਜਰਤ ਦਾ ਭੁਗਤਾਨ ਕਰਦਾ ਹੈ ਜਿਵੇਂ ਕਿ ਲਿਵਿੰਗ ਵੇਜ ਫਾਉਂਡੇਸ਼ਨ ਦੁਆਰਾ ਨਿਰਧਾਰਤ ਕੀਤਾ ਗਿਆ ਹੈ।

**ਸ਼ਮੂਲੀਅਤ ਅਤੇ ਆਵਾਜ਼** – ਤੁਹਾਡਾ ਰੁਜ਼ਗਾਰਦਾਤਾ ਕਰਮਚਾਰੀ ਦੀ ਸ਼ਮੂਲੀਅਤ ਅਤੇ ਆਵਾਜ਼ ਦੀ ਵਰਤੋਂ ਕਰਦੇ ਹੋਏ, ਇੱਕ ਆਤਮ-ਵਿਸ਼ਵਾਸੀ, ਸ਼ਕਤੀਸ਼ਾਲੀ ਕਾਰਜਬਲ ਤਿਆਰ ਕਰਦਾ ਹੈ। ਪ੍ਰਭਾਵਸ਼ਾਲੀ ਸੰਚਾਰ ਅਤੇ ਸਲਾਹ-ਮਸ਼ਵਰੇ ਦੁਆਰਾ ਕਰਮਚਾਰੀਆਂ ਨੂੰ ਫੈਸਲਾ ਲੈਣ ਅਤੇ ਤਬਦੀਲੀ ਦਾ ਪ੍ਰਬੰਧਨ ਕਰਨ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਅਤੇ ਜਿੱਥੇ ਵੀ ਲਾਗੂ ਹੁੰਦਾ ਹੈ ਟ੍ਰੇਡ ਯੂਨੀਅਨਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਅਤੇ ਸਕਾਰਾਤਮਕ ਤੌਰ 'ਤੇ ਸ਼ਾਮਲ ਕੀਤਾ ਜਾਂਦਾ ਹੈ।

**ਭਰਤੀ** – ਤੁਹਾਡੇ ਰੁਜ਼ਗਾਰਦਾਤਾ ਕੋਲ ਭਰਤੀ ਦੀਆਂ ਸ਼ਾਨਦਾਰ ਵਿਧੀਆਂ ਹਨ, ਜਿਨ੍ਹਾਂ ਵਿੱਚ ਸੰਭਾਵੀ ਕਰਮਚਾਰੀਆਂ ਨੂੰ ਇੱਕ ਸ਼ਮੂਲੀਅਤ ਵਾਲੀ, ਨਿਰਪੱਖ ਭਰਤੀ ਪ੍ਰਕਿਰਿਆ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਜੋ ਪਹੁੰਚਯੋਗ ਹੈ, ਸਮਾਨਤਾ ਅਤੇ ਬਰਾਬਰੀ ਦੋਵਾਂ ਨੂੰ ਸਮਰੱਥ ਬਣਾਉਂਦੀ ਹੈ, ਬੇਧਿਆਨੇ ਪੱਖਪਾਤ ਨੂੰ ਖ਼ਤਮ ਕਰਦੀ ਹੈ, ਅਤੇ ਇੱਕ ਵਿਵਿਧ ਕਾਰਜਬਲ ਬਣਾਉਣ ਵਿੱਚ ਸਹਾਇਤਾ ਕਰਦੀ ਹੈ।

**ਲੋਕ ਪ੍ਰਬੰਧਨ** – ਤੁਹਾਡਾ ਰੁਜ਼ਗਾਰਦਾਤਾ ਸ਼ਾਨਦਾਰ ਲੋਕ ਪ੍ਰਬੰਧਨ ਅਤੇ ਆਪਣੇ ਕਰਮਚਾਰੀਆਂ ਦੇ ਵਿਕਾਸ ਨੂੰ ਯਕੀਨੀ ਬਣਾਉਂਦਾ ਹੈ, ਜਿਸ ਵਿੱਚ ਕਰਮਚਾਰੀਆਂ ਨੂੰ ਧੱਕੇਸ਼ਾਹੀ ਅਤੇ ਪਰੇਸ਼ਾਨੀ ਤੋਂ ਮੁਕਤ ਕੰਮ ਕਰਨ ਦੇ ਸਥਾਨ ਦੇ ਅਧਿਕਾਰ ਦੇ ਨਾਲ ਸੰਗਠਨਾਤਮਕ ਕਦਰਾਂ-ਕੀਮਤਾਂ ਅਤੇ ਉਮੀਦ ਕੀਤੇ ਜਾਂਦੇ ਵਿਵਹਾਰ ਦੀ ਸਪਸ਼ਟ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਠਨਾਤਮਕ ਵਿਕਾਸ ਉੱਤੇ ਜ਼ੋਰ ਦੇ ਨਾਲ, ਸਾਰੇ ਸਟਾਫ਼ ਨੂੰ ਅਜਿਹੀ ਸਿਖਲਾਈ ਦਿੱਤੀ ਜਾਂਦੀ ਹੈ ਜੋ ਉਹਨਾਂ ਨੂੰ ਆਪਣੇ ਕੰਮ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਨ ਕਰਨ ਅਤੇ ਅਜਿਹੇ ਹੁਨਰ ਅਤੇ ਤਜਰਬਾ ਵਿਕਸਿਤ ਕਰਨ ਦੇ ਯੋਗ ਬਣਾਉਂਦੀ ਹੈ ਜਿਸ ਨਾਲ ਅੱਗੇ ਵਧਣ ਵਿੱਚ ਸਹਾਇਤਾ ਮਿਲੇ।

**ਸਿਹਤ ਅਤੇ ਤੰਦਰੁਸਤੀ** – ਤੁਹਾਡਾ ਰੁਜ਼ਗਾਰਦਾਤਾ ਕਰਮਚਾਰੀ ਸਿਹਤ ਅਤੇ ਤੰਦਰੁਸਤੀ ਵਿੱਚ ਸਰਗਰਮੀ ਨਾਲ ਸਹਾਇਤਾ ਕਰਦਾ ਹੈ। ਕਰਮਚਾਰੀਆਂ ਕੋਲ ਕੰਮ ਕਰਨ ਦੇ ਅਜਿਹੇ ਸਥਾਨ 'ਤੇ ਵਧਣ-ਫੁੱਲਣ ਦੀ ਯੋਗਤਾ ਹੁੰਦੀ ਹੈ, ਜਿੱਥੇ ਵਿਵਸਥਾਵਾਂ ਕੀਤੀਆਂ ਜਾਂਦੀਆਂ ਹਨ, ਅਤੇ ਵਿਅਕਤੀਗਤ ਜ਼ਰੂਰਤਾਂ ਨੂੰ ਪਛਾਣਿਆ ਜਾਂਦਾ ਹੈ; ਇਹ ਸਵੀਕਾਰ ਕਰਦੇ ਹੋਏ ਕਿ ਕਿਸੇ ਸੰਸਥਾ ਦੀਆਂ ਵਿਆਪਕ ਕਦਰਾਂ-ਕੀਮਤਾਂ ਅਤੇ ਉਦੇਸ਼ਾਂ ਦੇ ਸੰਬੰਧ ਵਿੱਚ ਮਾਨਸਿਕ ਸਿਹਤ ਅਤੇ ਆਮ ਸਿਹਤ ਅਤੇ ਤੰਦਰੁਸਤੀ 'ਤੇ ਵਿਚਾਰ ਕਰਨ ਦੀ ਜ਼ਰੂਰਤ ਹੁੰਦੀ ਹੈ। ਰਣਨੀਤੀਆਂ ਸਥਾਪਿਤ ਕੀਤੀਆਂ ਜਾਂਦੀਆਂ ਹਨ ਅਤੇ ਨਿਰੰਤਰ ਵਿਚਾਰ-ਵਟਾਂਦਰੇ, ਸਿਖਲਾਈ ਅਤੇ ਨਿਗਰਾਨੀ ਦੀ ਸਹੂਲਤ ਦੇਣ ਲਈ ਅੰਦਰੂਨੀ ਅਤੇ/ ਜਾਂ ਬਾਹਰੀ ਸਹਾਇਤਾ ਉਪਲਬਧ ਹੁੰਦੀ ਹੈ।

ਚਾਰਟਰ ਦਾ ਮੈਂਬਰ ਬਣਨ ਲਈ, ਤੁਹਾਡੇ ਰੁਜ਼ਗਾਰਦਾਤਾ ਨੇ, ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ ਦੁਆਰਾ ਮਜ਼ਬੂਤ ਕੀਤੀਆਂ ਚੰਗੇ ਰੁਜ਼ਗਾਰ ਦੀਆਂ ਉਪਰੋਕਤ ਸਾਰੀਆਂ ਵਿਸ਼ੇਸ਼ਤਾਵਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਪ੍ਰਦਰਸ਼ਿਤ ਕਰਦੇ ਹੋਏ, ਵਿਆਪਕ ਮਾਪਦੰਡਾਂ ਨੂੰ ਪੂਰਾ ਕੀਤਾ ਹੈ। ਮੈਂਬਰਸ਼ਿਪ ਦੇ ਖਾਸ ਮਾਪਦੰਡਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਗ੍ਰੇਟਰ ਮੈਨਚੈਸਟਰ ਚੰਗੇ ਰੁਜ਼ਗਾਰ ਦੇ ਚਾਰਟਰ (Greater Manchester Good Employment Charter) ਦੀ ਵੈੱਬਸਾਈਟ 'ਤੇ ਜਾਓ।

ਜੇ ਤੁਸੀਂ ਮੰਨਦੇ ਹੋ ਕਿ ਤੁਹਾਡਾ ਰੁਜ਼ਗਾਰਦਾਤਾ ਚੰਗੇ ਰੁਜ਼ਗਾਰ ਦੇ ਮਿਆਰਾਂ ਅਨੁਸਾਰ ਚੱਲਣ ਦੀ ਆਪਣੀ ਵਚਨਬੱਧਤਾ ਦੀ ਪਾਲਣਾ ਨਹੀਂ ਕਰ ਰਿਹਾ ਹੈ, ਤਾਂ ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਸਭ ਤੋਂ ਪਹਿਲਾਂ ਆਪਣੇ ਮੈਨੇਜਰ/ਰੁਜ਼ਗਾਰਦਾਤਾ ਨਾਲ ਗੱਲ ਕਰੋ। ਜੇ ਤੁਹਾਨੂੰ ਹਾਲੇ ਵੀ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਇੱਥੇ ਚੰਗੇ ਰੁਜ਼ਗਾਰ ਦਾ ਚਾਰਟਰ ਯੂਨਿਟ (Good Employment Charter Unit) ਵਿਖੇ ਟੀਮ ਨਾਲ ਸੰਪਰਕ ਕਰੋ।

ਇਹਨਾਂ ਦੁਆਰਾ ਸਮਰਥਿਤ

European Commission

GMCA GREATER MANCHESTER COMBINED AUTHORITY

ANDY BURNHAM MAYOR OF GREATER MANCHESTER